# ਨਾਮ ਬਿਨਾ ਜੈਸੇ ਕੁਬਜ ਕੁਰੂਪ

**ਗਉੜੀ ਕਬੀਰ ਜੀ ॥**

**ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥੧॥**

ਇਹ ਸ਼ਬਦ ਭਗਤ ਕਬੀਰ ਜੀ ਨੇ ਗਉੜੀ ਰਾਗ ਵਿਚ ਉਚਾਰਣ ਕੀਤਾ ਹੈ। ਇਸ ਵਿਚ ਆਪ ਜੀ ਫ਼ੁਰਮਾਣ ਕਰਦੇ ਹਨ ਕਿ ਜਿਸ ਕੁਲ (ਖਾਨਦਾਨ ਦੀਆਂ ਪੁਸ਼ਤਾਂ) ਵਿਚ ਕੋਈ ਅਧਿਆਤਮਕ ਗਿਆਨ ਵਰਧਕ ਪੁਤਰ ਨਹੀਂ ਪੈਦਾ ਹੋਇਆ, ਉਸ ਦੀ ਮਾਤਾ, ਉਸ ਨੂੰ ਜੰਮਣ ਤੋਂ ਪਹਿਲਾਂ ਹੀ ਵਿਧਵਾ ਕਿਉਂ ਨਾ ਹੋ ਗਈ !! ਭਾਵ, ਭਲਾ ਹੁੰਦਾ ਕਿ ਉਸ ਨੂੰ ਜੰਮਣ ਯੋਗ ਹੀ ਨਾ ਰਹਿੰਦੀ ਤਾਂ ਕਿ ਅਜਿਹਾ ਪੁਤਰ ਜੰਮਣ ਦਾ ਕਲੰਕ ਨਾ ਸਹਿਣਾ ਪੈਂਦਾ। ਰੱਬੀ ਗਿਆਨ ਵਿਹੂਣੇ ਬਚੇ ਨੂੰ ਜਨਮ ਦੇਣ ਨਾਲੋਂ, ਜਨਮ ਨਾ ਦੇਣ ਯੋਗ ਰਹਿਣਾ ਬਿਹਤਰ ਗੁਰੂ ਰਾਮਦਾਸ ਸਾਹਿਬ ਦਾ ਵੀ ੬੯੭ ਪੰਨੇ ਤੇ ਅਜਿਹਾ ਹੀ ਫ਼ੁਰਮਾਣ ਹੈ - 'ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥', ਭਾਵ, ਜਿਸ ਮਨੁਖ ਦੇ ਹਿਰਦੇ ਅੰਦਰ ਵਾਹਗੁਰੂ ਦਾ ਨਾਮ ਨਹੀਂ ਵਸਿਆ, ਵਾਹਗੁਰੂ ਉਸ ਦੀ ਮਾਤਾ ਨੂੰ ਇਸ ਨਾਲੋਂ ਤਾਂ ਬਾਂਝ ਹੀ ਬਣਾ ਦਿੰਦਾ ਤਾਂ ਚੰਗਾ ਹੁੰਦਾ, ਕਹਿਣ ਦਾ ਭਾਵ, ਘਟ ਤੋਂ ਘਟ ਉਸ ਤੇ ਅਜਿਹੇ ਨਾ-ਮੁਰਾਦ ਬਚੇ ਨੂੰ ਜੰਮਣ ਦਾ ਕਲੰਕ ਤਾਂ ਨਾ ਲਗਦਾ!!

ਭਗਤ ਕਬੀਰ ਜੀ ਨੇ ਆਪਣੇ ੧੧੧ ਨੰਬਰ ਸਲੋਕ ਵਿਚ ਵੀ ਅੰਕਤ ਕੀਤਾ ਹੈ ਕਿ ਜਿਸ ਕੁਲ ਵਿਚ ਕੋਈ ਰੱਬ ਦਾ ਭਗਤ ਪੈਦਾ ਨਹੀਂ ਹੋਇਆ, ਉਹ ਕੁਲ ਉਸ ਜੰਗਲੀ, ਬੇਕਾਰ ਢਾਕ ਪਲਾਹ ਵਾਂਗੂੰ ਹੈ ਜਿਸ ਨੂੰ ਕੋਈ ਫ਼ਲ ਨਹੀਂ ਲਗਦਾ - 'ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ॥' ਅਜਿਹੇ ਬੇਕਾਰ ਬੂਟਿਆਂ ਲਈ ਸ੍ਰੀ ਗੁਰੂ ਨਾਨਕ ਸਾਹਿਬ 'ਆਸਾ ਕੀ ਵਾਰ' ਵਿਚ ਬਚਨ ਕਰਦੇ ਹਨ ਕਿ ਇਹ ਬੂਟੇ ਫ਼ਸਲ ਨਾਲ ਨਹੀਂ ਕਟੇ ਜਾਂਦੇ ਅਤੇ ਖੇਤਾਂ ਵਿਚ ਸੁੰਞੇ ਖੜੇ ਦਿਸਦੇਹਨ ਕਿਉਂਕਿ ਇਨ੍ਹਾਂ ਦਾ ਕੋਈ ਦਾਮ ਨਹੀਂ ਮਿਲਦਾ - 'ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰ ਖੇਤ॥'

This hymn has been composed by Bhagat Kabir ji in Raag Gourhi. He says that the lineage/dynasty, in which no person with Divine Knowledge has ever been borne, the mother should have become widow, instead, of giving birth to such a baby who is devoid/bereft of Divine/Spiritual Knowledge. Bhagat ji is of the opinion that it is better to remain childless than to give birth to a child devoid of Divine Wisdom, Guru Ramdas Sahib is also of the same opinion, when He says that **the mother of such person should better have become barren of sterile, in whose heart the Name of God has not been imbued/inculcated.** The quote is given in Gurmukhi version.

Bhagat Kabir ji in his 111th Slok, in Guru Granth Sahib has given the same opinion, the same idea, that **the lineage or dynasty, in which, no Bhagat or Saint of God has ever taken**

**birth, is like wild worthless weeds who bear no fruits.** The Slok is given in Gurmukhi version. Sri Guru Nanak Sahib says about such weeds in his composition '**Asa ki Vaar**' that **these worthless are not reaped along with the harvest and are left alone in the field.**

**ਜਿਹ ਨਰ ਰਾਮ ਭਗਤਿ ਨਹਿ ਸਾਧੀ॥**

**ਜਨਮਤ ਕਸ ਨ ਮੁਓ ਅਪਰਾਧੀ॥੧॥ ਰਹਾਉ॥**

ਜਿਸ ਮਨੁਖ ਨੇ ਰਾਮ ਦੀ, ਭਾਵ, ਪਰਮਾਤਮਾ ਦੀ ਭਗਤੀ, ਸਾਧਨਾ, ਭਾਵ, ਸਿਮਰਨ ਨਹੀਂ ਕੀਤਾ, ਉਹ ਅਪਰਾਧੀ ਜੰਮਦਿਆਂ ਹੀ ਕਿਉਂ ਨਾ ਮਰ ਗਿਆ।੧।ਰਹਾਉ। ਭਾਵ, ਸਿਮਰਨ ਤੋਂ ਬਗੈਰ ਇਸ ਮਨੁਖਾ ਜੀਵਨ ਦਾ ਕੋਈ ਲਾਭ ਨਹੀਂ। ਸਿਮਰਨ ਤੋਂ ਬਿਨਾਂ ਮਨੁਖ ਇਸ ਸੰਸਾਰ ਵਿਚ ਵਿਅਰਥ ਹੀ ਆਉਂਦਾ ਹੈ। ਗੁਰੂ ਰਾਮਦਾਸ ਸਾਹਿਬ ਪੰਨਾ ੩੬੯ ਤੇ ਫੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੇ ਨਾਮ ਵਿਸਾਰ ਦਿਤਾ ਹੈ ਉਹ ਵਿਅਰਥ ਹੀ ਇਸ ਸੰਸਾਰ ਵਿਚ ਆਏ ਹਨ - 'ਬਿਰਥਾ ਜਨਮੁ ਤਿਨਾ ਜਿਨੀ ਨਾਮੁ ਵਿਸਾਰਿਆ॥'

The person who has not meditated on Guru's/God's Name, why not did he die at the time of birth itself !!.੧. Pause. Meaning thereby, that it is better not to live in this world without meditating on God's Name or Simran. Because the purpose of human life is to do Naam Simran while doing the company of Saints. Guru Ramdas Sahib says at P. 369, that, those who don't do Naam Simram, come uselessly in this world.

**ਮੁਚੁ ਮੁਚੁ ਗਰਭ ਗਏ ਕੀਨ ਬਚਿਆ॥ ਬੁਡਭੁਜ ਰੂਪ ਜੀਵੇ ਜਗ ਮਝਿਆ॥੨॥**

ਅਨੇਕਾਂ ਵੇਰ ਗਰਭ, ਜੰਮਣ ਤੋਂ ਪਹਿਲਾਂ ਹੀ ਗਿਰ ਜਾਂਦੇ ਹਨ, ਪਰ ਹੇ ਭਗਤੀ ਹੀਣ ਮਨੁਖ ! ਤੂੰ ਵੀ ਐਵੇਂ ਹੀ ਕਿਉਂ ਗਰਭ ਕਾਲ ਵਿਚ ਬਚ ਗਿਆ ! ਭਾਵ, ਤੂੰ ਗਰਭ ਵਿਚ ਹੀ ਨਾ ਬਚਦਾ ਤਾਂ ਭਗਤੀ ਹੀਣ ਹੋਣ ਦਾ ਸਰਾਪ ਤਾਂ ਨਾ ਭੋਗਦਾ ! ਭਗਤੀ ਹੀਣ ਮਨੁੱਖ ਜਗ ਵਿਚ ਇਕ ਕੋਹੜੀ ਵਾਂਙ ਭਿਆਨਕਤਾ ਵਾਲਾ ਨੀਚ ਜੀਵਨ ਹੀ ਜਿਊਂਦਾ ਹੈ।੨।

Becoming even more stringent, Kabir ji says that there are so many abortions happening in this world. But why such person is not aborted from womb itself, or in other words, for a person who has not meditated on God's Name in his human life it would have been better if that womb was aborted and not taken birth at all !!! Meaning thereby, again, without contemplating on God's Name there is no use of human birth, for, the human birth is a gift of God only to do Nam Simran. The person who does not do Naam Simran, only lives like an ugly deformed amputee in this world.

**ਕਹੁ ਕਬੀਰ ਜੈਸੇ ਸੁੰਦਰ ਸਰੂਪ॥ ਨਾਮ ਬਿਨਾ ਜੈਸੇ ਕੁਬਜ ਕੁਰੂਪ॥੩॥੨੫॥**

ਭਗਤ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਉਹ ਮਨੁਖ ਜੋ ਸਰੀਰ ਕਰਕੇ ਸੁੰਦਰ ਦਿਸਦੇ ਹਨ, ਉਹ ਵਾਹਗੁਰੂ ਦੇ ਸਿਮਰਨ ਤੋਂ ਬਿਨਾਂ ਕੁੱਬੇ ਵੀ ਹਨ ਤੇ ਕੋਝੇ ਵੀ ਹਨ। ਇਸੇ ਤਰਜ਼ ਤੇ ਭਗਤ ਨਾਮਦੇਵ ਜੀ ਭੈਰਉ ਰਾਗ ਵਿਚ ੧੧੬੩ ਪੰਨੇ ਤੇ ਫੁਰਮਾਨ ਕਰਦੇ ਹਨ ਕਿ ਬੇਸ਼ੱਕ ਮਨੁਖ ਵਿਚ ਸੁੰਦਰਤਾ ਦੇ ਸਾਰੇ ਦੇ ਸਾਰੇ ੩੨ ਲਛਣ ਹੋਣ ਪਰ ਨਕ ਕਟਿਆ ਹੋਵੇ ਤਾਂ ਉਸ ਨੂੰ ਸੁੰਦਰ ਬਿਲਕੁਲ ਨਹੀਂ ਕਿਹਾ ਜਾ ਸਕਦਾ, ਭਾਵ, **ਸਾਰੇ ਧਰਮ ਕਰਮ ਕੀਤੇ ਹੋਣ ਦੇ ਬਾਵਜੂਦ ਨਾਮ ਜਪੇ ਬਿਨਾਂ ਮਨੁਖ ਪ੍ਰਭੂ ਦੇ ਦਰਬਾਰ ਵਿਚ ਸੁੰਦਰ ਜਾਂ ਭਗਤ ਨਹੀਂ ਗਿਣਿਆ ਜਾ ਸਕਦਾ** - 'ਪ੍ਣਵਤਿ ਨਾਮਦੇਉ ਨਾਕਹਿ ਬਿਨਾ॥ ਨਾ ਸੋਹੈ ਬਤੀਸ ਲਖਨਾ॥'

ਗੁਰੂ ਅਮਰਦਾਸ ਸਾਹਿਬ ਅਨੁਸਾਰ ਤਾਂ ਉਹੀ ਜਨ ਸੁੰਦਰ ਮੰਨੇ ਗਏ ਹਨ ਜੋ ਨਾਮ ਜਪਦੇ ਹਨ - 'ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ.... ||' ਪੰਨਾ ੫੧੪.

Saint Kabir futher says that those people who seem to be handsome outwardly, but are devoid or bereft of Naam Simran, are deformed and very ugly. Likewise, on page 1163, Bhagat Namdev ji is also of the opinion that, as, even having all the 32 marks of beauty, one is the ugliest, without having proper nose, similarly, a person doing all pious deeds, but not doing Naam Simran, is worthless and can never find access to the Lord's Court. As per Guru Amardas Sahib, **only those people are beautiful who do Naam Simran or contemplation on the Name of the Lord** - p. 514.

